# ਦੇਖਭਾਲ ਅਤੇ ਅਵਸਰਾਂ ਲਈ ਯੋਜਨਾ




## ਓਨਟਾਰਿਓ ਦਾ ਆਰਥਿਕ ਅਤੇ ਵਿੱਤੀ ਕਾਰਜ ਕੇਂਦਰ

ਓਨਟਾਰਿਓ ਦੀ ਅਰਥ ਵਿਵਸਥਾ ਅਨਿਸ਼ਚਿਤ ਅਤੇ ਚੁਣੌਤੀਪੂਰਨ ਵਿਸ਼ਵਵਿਆਪੀ ਵਾਤਾਵਰਨ ਦੇ ਬਾਵਜੂਦ, ਪ੍ਰਾਂਤ ਭਰ ਦੇ ਲੋਕਾਂ ਅਤੇ ਕਾਰੋਬਾਰਾਂ ਦੇ ਯੋਗਦਾਨਾਂ ਕਰਕੇ 2017 ਵਿੱਚ ਵੱਧੀ ਹੈ। ਅਰਥਿਕ ਵਾਧੇ ਅਤੇ ਚੰਗੇ ਪ੍ਰਬੰਧਨ ਦਾ ਨਤੀਜਾ 2017 – 18 ਵਿੱਚ ਓਨਟਾਰਿਓ ਦੀ ਸੰਤੁਲਤ ਬਜਟ ਦੀ ਵਚਨਬੱਧਤਾ ਨੂੰ $600 ਮਿਲੀਅਨ ਤੋਂ ਵੱਧ ਦੀ ਅਨੁਮਾਨਿਤ ਬਚਤ ਦੇ ਨਾਲ ਪੂਰਾ ਕਰਨਾ ਸੀ। 2018 – 19 ਵਿੱਚ ਸ਼ੁਰੂਆਤ ਕਰਕੇ, ਪ੍ਰਾਂਤ ਜੀਡੀਪੀ ਦੇ ਇੱਕ ਪ੍ਰਤੀਸ਼ਤ ਤੋਂ ਘੱਟ ਦੀ ਮਾਮੂਲੀ ਕਮੀ ਦੀ ਤਜਵੀਜ਼ ਕਰ ਰਿਹਾ ਹੈ ਅਤੇ ਅਜਿਹੀ ਸੰਤੁਲਨ ਤੱਕ ਵਾਪਸੀ ਯੋਜਨਾ ਪ੍ਰਤੀ ਵਚਨਬੱਧ ਹੈ ਜਿਹੜੀ ਜਨਤਕ ਸੇਵਾਵਾਂ ਵਿੱਚ ਮਹੱਤਵਪੂਰਨ ਨਿਵੇਸ਼ਾਂ ਨੂੰ ਵਿੱਤੀ ਜ਼ਿੰਮੇਵਾਰੀ ਦੇ ਨਾਲ ਸੰਤੁਲਿਤ ਕਰਦੀ ਹੈ - 2024 – 25 ਵਿੱਚ ਸੰਤੁਲਿਤ ਬਜਟ ਦੇ ਪੂਰਵ ਅਨੁਮਾਨ ਦੇ ਨਾਲ ।



### ਮਜ਼ਬੂਤ ਆਰਥਿਕ ਕਾਰਗੁਜ਼ਾਰੀ

2014 ਤੋਂ ਅਸਲ ਜੀਡੀਪੀ ਕੈਨੇਡਾ ਅਤੇ ਸਾਰੇ ਜੀ7 ਦੇਸ਼ਾਂ ਨਾਲੋਂ ਜ਼ਿਆਦਾ ਤੇਜ਼ੀ ਨਾਲ ਵੱਧ ਰਿਹਾ ਹੈ।



### ਸੰਤੁਲਿਤ ਬਜਟ

ਲਗਾਤਾਰ ਨੌਵੇਂ ਸਾਲ ਲਈ ਓਨਟਾਰਿਓ ਦੇ ਵਿੱਤੀ ਟੀਚੇ ਨੂੰ ਪਾਰ ਕਰਦਾ ਹੋਇਆ, 2017–18 ਵਿੱਚ $600 ਮਿਲੀਅਨ ਤੋਂ ਵੱਧ ਦੀ ਬਚਤ ਦਾ ਪੂਰਵ ਅਨੁਮਾਨ ਕਰ ਰਿਹਾ ਹੈ।



### ਰੁਜ਼ਗਾਰ ਸੰਬੰਧੀ ਲਾਭ

ਮੰਦਵਾੜੇ ਤੋਂ ਬਾਅਦ 800,000 ਤੋਂ ਵੱਧ ਅਸਲ ਨਵੀਆਂ ਨੌਕਰੀਆਂ ਅਤੇ 17 ਸਾਲਾਂ ਵਿੱਚ ਰੁਜ਼ਗਾਰੀ ਦੀ ਸਭ ਤੋਂ ਘੱਟ ਦਰ। ਪਿਛਲੇ ਸਾਲ ਹਰ ਰੋਜ਼, ਔਸਤਨ 500 ਨਵੀਆਂ ਨੌਕਰੀਆਂ ਉਤਪੰਨ ਕੀਤੀਆਂ ਗਈਆਂ।

## ਓਨਟਾਰਿਓ ਦੀ ਵਿੱਤੀ ਤਸਵੀਰ

ਓਨਟਾਰਿਓ:

- ਤਿੰਨ ਸਾਲਾਂ ਵਿੱਚ ਸਿਹਤ ਦੇਖਭਾਲ, ਘਰੇਲੂ ਦੇਖਭਾਲ, ਮਾਨਸਿਕ ਸਿਹਤ, ਚਾਇਲਡ ਕੇਅਰ ਅਤੇ ਹੋਰ ਚੀਜ਼ਾਂ ਵਿੱਚ ਓਨਟਾਰਿਓ ਨਿਵਾਸਿਆਂ ਦੁਆਰਾ ਨਿਰਭਰ ਕੀਤੀਆਂ ਜਾਣ ਵਾਲੀਆਂ ਦੇਖਭਾਲ ਅਤੇ ਸੇਵਾਵਾਂ ਨੂੰ ਪਹੁੰਚਾਉਣ ਵਾਸਤੇ $20.3 ਬਿਲੀਅਨ ਦੇ ਨਵੇਂ ਨਿਵੇਸ਼ ਕਰ ਰਿਹਾ ਹੈ।
- ਇਹ ਨਿਵੇਸ਼ ਕਰ ਰਿਹਾ ਹੈ, ਜਿੰਨ੍ਹਾਂ ਦਾ ਨਤੀਜਾ 2018 – 19 ਵਿੱਚ $6.7 ਬਿਲੀਅਨ, 2019- 20 ਵਿੱਚ $6.6 ਬਿਲੀਅਨ ਅਤੇ 2020-21 ਵਿੱਚ $6.5 ਬਿਲੀਅਨ ਦੀਆਂ ਪੂਰਵ ਅਨੁਮਾਨਿਤ ਘਾਟੇ ਅਤੇ 2024-25 ਵਿੱਚ ਇੱਕ ਸੰਤੁਲਿਤ ਬਜਟ ਤੱਕ ਵਾਪਸੀ ਹੋਏਗੀ, ਪ੍ਰਾਂਤ ਦੇ ਜ਼ਿੰਮੇਵਾਰ ਵਿੱਤੀ ਪ੍ਰਬੰਧਨ ਦੇ ਟ੍ਰੈਕ ਰਿਕਾਰਡ ਤੇ ਕੰਮ ਕਰਦੇ ਹੋਏ।
- 2017 – 18 ਵਿੱਚ ਪ੍ਰੋਗਰਾਮ ਸੰਬੰਧੀ ਪ੍ਰਤੀ ਵਿਅਕਤੀ ਸਭ ਤੋਂ ਘੱਟ ਖਰਚੇ ਵਾਲਾ ਪ੍ਰਾਂਤ ਰਹਿਣ ਦੀ ਉਮੀਦ ਹੈ।
- ਕੁਲ ਆਮਦਨੀ, ਜੋ ਪੂਰਵ ਅਨੁਮਾਨਿਤ ਜਾਰੀ ਰਹਿਣ ਵਾਲੇ ਆਰਥਿਕ ਵਾਧੇ ਦੁਆਰਾ ਉਤੇਜਿਤ ਕੀਤੀ ਜਾ ਰਹੀ ਹੈ, ਦੇ 2018–19 ਵਿੱਚ $152.5 ਬਿਲੀਅਨ ਤੋਂ 2020–21 ਵਿੱਚ $163.8 ਬਿਲੀਅਨ ਤੱਕ ਵੱਧਣ ਦਾ ਅਨੁਮਾਨ ਕਰ ਰਿਹਾ ਹੈ।.
- ਪੂਰਵ ਅਨੁਮਾਨ ਕਰ ਰਿਹਾ ਹੈ ਕਿ ਪ੍ਰਾਂਤ ਦਾ ਪ੍ਰੋਗਰਾਮ ਸੰਬੰਧੀ ਖਰਚਾ, ਮਜ਼ਬੂਤ ਅਤੇ ਜ਼ਰੂਰੀ ਜਨਤਕ ਸੇਵਾਵਾਂ ਨੂੰ ਸਹਿਯੋਗ ਦਿੰਦੇ ਹੋਏ, 2018–19 ਅਤੇ 2020–21 ਵਿਚਕਾਰ $145.9 ਬਿਲੀਅਨ ਤੋਂ $155.8 ਬਿਲੀਅਨ ਤੱਕ ਵੱਧ ਜਾਏਗਾ।
- ਪ੍ਰੋਗਰਾਮਾਂ ਨੂੰ ਵਰਤਣ ਵਾਲਿਆਂ ਤੇ ਜ਼ਿਆਦਾ ਕੇਂਦਰਿਤ ਕਰਨ ਲਈ ਸਰਵਿਸ ਡਲਿਵਰੀ ਵਲ ਨਵੀਆਂ ਪਹੁੰਚਾਂ ਦੀ ਵਰਤੋਂ ਕਰਦੇ ਹੋਏ, ਪ੍ਰੋਗਰਾਮ ਡਲਿਵਰੀ ਨੂੰ ਇਕਸੁਰ ਕਰ ਰਿਹਾ ਹੈ ਅਤੇ ਸਾਰੀਆਂ ਸੇਵਾਵਾਂ ਵਿੱਚ ਪ੍ਰਤੀਲਿਪੀਕਰਨ (duplication) ਨੂੰ ਘਟਾਉਣ ਲਈ ਮੌਜੂਦਾ ਸਾਧਨਾਂ ਨੂੰ ਮੁੜ ਕੇ ਵੰਡ ਰਿਹਾ ਹੈ।
- 2021 ਤੱਕ 1.9 ਪ੍ਰਤੀਸ਼ਤ ਔਸਤਨ ਅਸਲ ਜੀਡੀਪੀ ਵਾਧੇ ਦਾ ਅਨੁਮਾਨ ਲਗਾ ਰਿਹਾ ਹੈ।
- ਉਮੀਦ ਕਰ ਰਿਹਾ ਹੈ ਕਿ ਨਿਰਯਾਤ ਅਤੇ ਕਾਰੋਬਾਰੀ ਨਿਵੇਸ਼ ਓਨਟਾਰਿਓ ਦੇ ਆਰਥਿਕ ਵਾਧੇ ਵਿੱਚ ਮਹੱਤਵਪੂਰਨ ਹਿੱਸਾ ਪਾਉਣ ਵਾਲੇ ਹੋਣਗੇ।

## ਕਰਜ਼ੇ ਦੇ ਪ੍ਰਬੰਧਨ ਵਲ ਓਨਟਾਰਿਓ ਦੀ ਪਹੁੰਚ

ਕਰਜ਼ੇ ਦੇ ਖਰਚੇ ਤੇ ਵਿਆਜ 2001–02 ਵਿੱਚ ਆਮਦਨੀ ਦੇ ਹਰ ਡਾਲਰ ਤੇ 14 ਸੈਂਟਾਂ ਦੀ ਤੁਲਨਾ ਵਿੱਚ 8 ਸੈਂਟ ਹੈ।

ਕਰਜ਼ੇ ਦੇ ਜ਼ਿੰਮੇਵਾਰ ਪ੍ਰਬੰਧਨ ਨੂੰ ਕਾਇਮ ਰੱਖਣ ਲਈ, ਓਨਟਾਰਿਓ:

- 25 ਸਾਲਾਂ ਵਿੱਚ ਕਰਜ਼ੇ -ਤੋਂ-ਆਮਦਨੀ ਦੇ ਅਨੁਪਾਤ ਤੇ ਸਭ ਤੋਂ ਘੱਟ ਵਿਆਜ ਪ੍ਰਾਪਤ ਕਰ ਰਿਹਾ ਹੈ, ਪ੍ਰਾਂਤ ਨੂੰ ਅਜਿਹੇ ਪ੍ਰੋਗਰਾਮਾਂ ਤੇ ਆਮਦਨੀ ਦੇ ਹੋਰ ਜ਼ਿਆਦਾ ਡਾਲਰ ਖਰਚਣ ਦੇ ਕਾਬਲ ਬਣਾਉਂਦਾ ਹੈ ਜਿਹੜੇ ਸਿੱਧੇ ਤੌਰ ਤੇ ਓਨਟਾਰਿਓ ਦੇ ਲੋਕਾਂ ਨੂੰ ਲਾਭ ਪਹੁੰਚਾਉਂਦੇ ਹਨ।
- $30 ਬਿਲੀਅਨ ਤੋਂ ਵੱਧ ਦੇ ਕੈਸ਼ ਰਿਜ਼ਰਵਾਂ ਦੇ ਔਸਤਨ ਪੱਧਰ ਨੂੰ ਕਾਇਮ ਰੱਖ ਕੇ, ਪ੍ਰਾਂਤ ਨੂੰ ਹੁਣ ਅਤੇ ਭਵਿੱਖ ਵਿੱਚ ਉਸਦੇ ਵਿੱਤੀ ਫਰਜ਼ਾਂ ਨੂੰ ਪੂਰਾ ਕਰਨ ਦੇ ਕਾਬਲ ਬਣਾ ਰਿਹਾ ਹੈ।
- ਪ੍ਰਾਂਤ ਦੇ ਕਰਜ਼ੇ ਸੰਬੰਧੀ ਪੋਰਟਫੋਲੀਓ ਦੀ ਲੰਮੀ ਔਸਤਨ ਮਿਆਦ ਨੂੰ ਕਾਇਮ ਰੱਖਣ ਲਈ ਵਿਆਜ ਦੇ ਘੱਟ ਰੇਟਾਂ ਅਤੇ ਓਨਟਾਰਿਓ ਬੌਂਡਾਂ ਦੀ ਮਜ਼ਬੂਤ ਮੰਗ ਦਾ ਲਾਭ ਉਠਾ ਰਿਹਾ ਹੈ।
- ਓਨਟਾਰਿਓ ਨੂੰ ਟਰਾਂਜ਼ਿਟ ਅਤੇ ਵਾਤਾਵਰਨ ਪ੍ਰਤੀ ਦੋਸਤਾਨਾ ਪ੍ਰਾਜੈਕਟਾਂ ਲਈ ਧਨ ਪ੍ਰਦਾਨ ਕਰਨ ਲਈ, ਇੱਕ ਮਹੱਤਵਪੂਰਨ ਸਾਧਨ ਦੀ ਤਰ੍ਹਾਂ, ਗ੍ਰੀਨ ਬੌਂਡ ਪ੍ਰੋਗਰਾਮ, ਓਨਟਾਰਿਓ ਦੇ ਉਧਾਰ ਲੈਣ ਵਾਲੇ ਪ੍ਰੋਗਰਾਮ ਦੇ ਇੱਕ ਹਿੱਸੇ, ਪ੍ਰਤੀ ਵਚਨਬੱਧ ਹੋ ਰਿਹਾ ਹੈ।